**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਐਸ.ਏ.ਐਸ ਨਗਰ**

ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਈ-ਬਲਾਕ, ਫੇਜ-8 ਮੋਹਾਲੀ

(ਸੇਵਾਵਾ-3 ਸ਼ਾਖਾ)

ਹੁਕਮ ਨੰ. E 105019 Service 3(4)

ਮਿਤੀ : 3-11-2020

ਸਿੱਖਿਆ ਵਿਭਾਗ (ਸਕੂਲਜ) ਵੱਲੋਂ ਸਿੱਧੀ ਭਰਤੀ ਰਾਹੀਂ ਪੰਜਾਬ ਲੋਕ ਸੇਵਾ ਕਮਿਸ਼ਨ ਪਟਿਆਲਾ ਦੁਆਰਾ ਬਤੌਰ ਪੀ.ਈ.ਐਸ ਗਰੁੱਪ-ਏ (ਸਕੂਲ ਤੇ ਇੰਸਪੈਕਸ਼ਨ) ਚੁਣੇ ਗਏ, ਉਮੀਦਵਾਰ ਸ੍ਰੀ ਕੰਵਲਜੀਤ ਸਿੰਘ ਪ੍ਰਿੰਸੀਪਲ ਦੀ ਪ੍ਰਤੀਬੇਨਤੀ ਦੇ ਸਨਮੁੱਖ ਬਤੌਰ ਪ੍ਰਿੰਸੀਪਲ ਦੀ ਪੋਸਟਿੰਗ ਹੁਕਮ ਨੰ E105019 Service3(4) /2020267510 ਬਤੌਰ ਮਾਸਟਰ ਕਾਡਰ ਵਿੱਚ ਕੀਤੀ ਗਈ ਹੈ, ਉਸ ਥਾਂ ਤੇ ਅਗਲੀ ਉਮੀਦਵਾਰ ਜੋ ਵੇਟਿੰਗ ਲਿਸਟ ਵਿੱਚ ਲੜੀ ਨੰ. 222 ਸ੍ਰੀ ਮਤੀ ਰੇਖਾ ਸੈਣੀ (ਬੀ.ਸੀ. ਰਿਜਰਵ) ਮੈਰਿਟ ਅੰਕ 221.33 ਉਮੀਦਵਾਰ ਹੈ, ਨੂੰ ਬਤੌਰ ਪ੍ਰਿੰਸੀਪਲ ਹੇਠਾਂ ਲਿਖੇ ਅਨੁਸਾਰ ਨਿਯੁਕਤ ਕੀਤਾ ਜਾਂਦਾ ਹੈ।

| Sr. No. | Reference Number | Candidate Name | Father Name | PPSC Category Name | Station Allotted |
|---|---|---|---|---|---|
| 1. | 2019132501266 | Rekha Saini | SANTOKH RAJ | BC, PUNJAB | GSSS Bangowani, Gurdaspur |

2. ਉਪਰੋਕਤ ਉਮੀਦਵਾਰ ਦੀ ਨਿਯੁਕਤੀ ਪੰਜਾਬ ਐਜੂਕੇਸ਼ਨਲ ਸਰਵਿਸਿਜ਼ (ਗਰੁੱਪ-ਏ) ਵਿੱਚ ਖਾਲੀ ਅਸਾਮੀਆ ਵਿਰੁੱਧ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਕੀਤੀ1 ਜਾਂਦੀ ਹੈ :-

ੳ) ਇਹ ਨਿਯੁਕਤੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ/ਮਾਨਯੋਗ ਸੁਪਰੀਮ ਕੋਰਟ ਵਿੱਚ ਚੱਲ ਰਹੇ ਕੇਸਾਂ ਦੇ ਅੰਤਿਮ ਫੈਸਲੇ ਤੇ ਨਿਰਭਰ ਹੋਵੇਗੀ। ਜੇਕਰ ਮਾਨਯੋਗ ਅਦਾਲਤ ਵੱਲੋਂ ਕੋਈ ਅਜਿਹਾ ਆਦੇਸ਼/ਹੁਕਮ ਪ੍ਰਾਪਤ ਹੁੰਦਾ ਹੈ ਜੋ ਇਸ ਨਿਯੁਕਤੀ ਦੇ ਵਿਰੁੱਧ ਹੋਏ ਤਾਂ ਉਸ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ CWP No.-14592/2019- Balraj Singh and Others ਅਤੇ ਹੋਰ ਅਜਿਹੇ ਸਿਮੀਲਰ ਨੇਚਰ ਦੀਆਂ ਚੱਲ ਰਹੀਆ ਰਿੱਟ ਪਟੀਸ਼ਨਾਂ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਦਿੱਤਾ ਗਿਆ ਅੰਤਿਮ ਫੈਸਲਾ ਮੰਨਣਯੋਗ ਹੋਵੇਗਾ। ਇਨ੍ਹਾਂ ਰਿੱਟ ਪਟੀਸ਼ਨਾਂ ਵਿੱਚ ਹੋਏ ਫੈਸਲੇ ਅਨੁਸਾਰ ਜੇਕਰ ਉਮੀਦਵਾਰ ਦੀ ਨਿਯੁਕਤੀ ਰੱਦ ਕੀਤੀ ਜਾਂਦੀ ਹੈ ਤਾਂ ਉਹ ਇਸ ਸਬੰਧੀ ਆਪਣਾ ਕਲੇਮ ਵਿਭਾਗ ਪਾਸੋਂ ਨਹੀਂ ਕਰੇਗਾ।

ਜੇਕਰ ਇਨ੍ਹਾਂ ਰਿੱਟ ਪਟੀਸ਼ਨਾਂ ਵਿੱਚ ਮਾਨਯੋਗ ਅਦਾਲਤ ਵੱਲੋਂ ਕੋਈ ਅਜਿਹਾ ਫੈਸਲਾ/ਹੁਕਮ ਪ੍ਰਾਪਤ ਹੁੰਦਾ ਹੈ ਜੋ ਇਨ੍ਹਾਂ ਨਿਯੁਕਤੀ ਦੇ ਵਿਰੁੱਧ ਹੋਵੇ ਤਾਂ ਇਹ ਨਿਯੁਕਤੀ ਮੁੜ ਵਿਚਾਰਨ ਯੋਗ ਹੋਵੇਗੀ ।

ਅ) ਇਹ ਨਿਯੁਕਤੀ ਬਿਲਕੁਲ ਆਰਜ਼ੀ ਹੋਵੇਗੀ । ਪੀ.ਈ.ਐਸ ਗਰੁੱਪ-ਏ ਦੀ ਸੀਨੀਆਰਤਾ ਬਾਅਦ ਵਿੱਚ ਨਿਰਧਾਰਤ ਕੀਤੀ ਜਾਵੇਗੀ।

ੲ) ਇਸ ਅਧਿਕਾਰੀ ਦਾ ਪਰਖਕਾਲ ਤਿੰਨ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਤੋਂ ਪ੍ਰਵਾਨਗੀ ਹੋਣ ਤੱਕ ਜਿਹੜੀ ਵੀ ਸਥਿਤੀ ਬਾਅਦ ਵਿੱਚ ਵਾਪਰੇ ਤੱਕ ਹੋਵੇਗਾ। ਪਰਖ ਕਾਲ ਦੇ ਸਮੇਂ ਦੌਰਾਨ ਇਸ ਅਧਿਕਾਰੀ ਨੂੰ ਤਨਖਾਹ ਸਕੇਲ ਦਾ ਕੇਵਲ ਪੇਅ-ਇੰਨ ਪੇਅ ਬੈਂਡ ਮਿਲਣ ਯੋਗ ਹੋਵੇਗਾ।

ਸ) ਸਰਕਾਰ ਵੱਲੋਂ ਨਿਯੁਕਤੀ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਨਿਯੁਕਤ ਉਮੀਦਵਾਰ ਲਈ ਮੰਨਣਯੋਗ ਹੋਣਗੇ।

ਹ) ਸਰਕਾਰ ਲਈ ਹਦਾਇਤਾਂ ਅਨੁਸਾਰ ਇਹ ਉਮੀਦਵਾਰ ਸਬੰਧਤ ਜਿਲ੍ਹੇ ਦੇ ਸਿਵਲ ਸਰਜਨ ਵੱਲੋਂ ਸਰਕਾਰੀ ਸੇਵਾ ਲਈ ਫਿਟਨੈੱਸ ਸਰਟੀਫਿਕੇਟ ਇੱਕ ਮਹੀਨੇ ਦੇ ਅੰਦਰ-ਅੰਦਰ ਪੇਸ਼ ਕਰੇਗਾ।

ਕ) ਸਰਕਾਰੀ ਦੀਆਂ ਹਦਾਇਤਾਂ ਅਨੁਸਾਰ ਇਹ ਉਮੀਦਵਾਰ ਸਬੰਧਤ ਜਿਲ੍ਹਾ ਮੈਜਿਸਟ੍ਰੇਟ ਪਾਸੋਂ ਆਚਰਣ ਸਬੰਧੀ ਸਰਟੀਫਿਕੇਟ (ਪੁਲਿਸ ਵੈਰੀਫਿਕੇਸ਼ਨ) ਇੱਕ ਮਹੀਨੇ ਦੇ ਅੰਦਰ-ਅੰਦਰ ਪੇਸ਼ ਕਰਨਗੇ।

3. ਚੰਡੀਗੜ੍ਹ ਅਤੇ ਹੋਰ ਅਜਿਹੇ ਸੰਸਥਾਵਾਂ ਤੋਂ ਨਿਯੁਕਤ ਹੋਏ ਉਮੀਦਵਾਰ ਆਪਣੀ ਹਾਜ਼ਰੀ ਸੱਤ ਦਿਨਾਂ ਦੇ ਅੰਦਰ-ਅੰਦਰ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਪਾਸ ਦੇਣੀ ਯਕੀਨੀ ਬਣਾਉਣਗੇ, ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਨਿਯੁਕਤੀ ਰੱਦ ਕਰ ਦਿੱਤੀ ਜਾਵੇਗੀ।

4. ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਉਮੀਦਵਾਰ ਦੇ ਖਰਚੇ ਤੇ ਇਨ੍ਹਾਂ ਸਰਟੀਫਿਕੇਟ ਛੇ ਮਹੀਨਿਆਂ ਵਿੱਚ ਵੈਰੀਫਾਈ ਕਰਾਵਾਉਣਗੇ।

5. ਜੇਕਰ ਕਿਸੇ ਪੱਧਰ ਤੇ ਉਮੀਦਵਾਰ ਦਾ ਕੋਈ ਵੀ ਸਰਟੀਫਿਕੇਟ ਜਾਂ ਹੋਰ ਕੋਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਉਸਦੀ ਨਿਯੁਕਤੀ ਬਿਨਾਂ ਕਾਰਨ ਦੱਸੇ ਰੱਦ ਕਰ ਦਿੱਤੀ ਜਾਵੇਗੀ।

ਮਿਤੀ: ਐਸ.ਏ.ਐਸ ਨਗਰ ਮੋਹਾਲੀ

ਕ੍ਰਿਸ਼ਨ ਕੁਮਾਰ, ਆਈ.ਏ.ਐਸ
ਸਕੱਤਰ,ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

2020275385
ਪਿੱਠ ਅੰਕਣ ਨੰ.

ਮਿਤੀ: ਐਸ.ਏ.ਐਸ ਨਗਰ ਮੋਹਾਲੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ :-

1. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ (ਸਿੱਖਿਆ-4 ਸ਼ਾਖਾ) ਸਿਵਲ ਸਕੱਤਰੇਤ-2, ਚੰਡੀਗੜ੍ਹ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ।
3. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
4. ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਗੁਰਦਾਸਪੁਰ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਹੁਕਮ ਸਬੰਧਤ ਕਰਮਚਾਰੀਆਂ ਨੂੰ ਆਪਣੇ ਪੱਧਰ ਤੇ ਡਲਿਵਰ ਕਰਵਾ ਕੇ ਰਿਪੋਰਟ ਇਸ ਦਫਤਰ/ ਸਰਕਾਰ ਨੂੰ ਭੇਜੀ ਜਾਵੇ।
5. ਸੁਪਰਡੰਟ ਅਮਲਾ-2 ਇਸ ਦਫਤਰ ਵਿੱਚ।
6. ਸਬੰਧਤ ਅਧਿਕਾਰੀ।

ਕਰਮਜੀਤ ਸਿੰਘ
2/11/20
ਸਹਾਇਕ ਡਾਇਰੈਕਟਰ